# ਪਟੀ ਬਾਣੀ : ਇਕ ਅਧਿਐਨ

**ਡਾ. ਜਸਵੰਤ ਸਿੰਘ**

ਡਾਇਰੈਕਟਰ, ਗੁਰਬਾਣੀ ਰਿਸਰਚ, ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰੋਜੈਕਟ, ਸਿਖ ਰਿਸਰਚ ਇੰਸਟੀਟਿਊਟ (ਯੂ.ਐੱਸ.ਏ.)
✆ 7838232150

## ਜਾਣ ਪਛਾਣ

ਪੱਟੀ, ਲਿਪੀ ਅਧਾਰਤ ਇਕ ਕਾਵਿ-ਰੂਪ ਹੈ। ਲਿਪੀ ਦੇ ਅੱਖਰ-ਕ੍ਰਮ ਨੂੰ ਅਧਾਰ ਬਣਾ ਕੇ ਕਾਵਿ-ਰਚਨਾ ਕਰਨ ਦੀ ਪਰੰਪਰਾ ਬੜੀ ਪੁਰਾਣੀ ਹੈ। ਹਿਬਰੂ (ਇਬਰਾਨੀ) ਵਿਚ ਵੀ ਅਜਿਹੀ ਕਵਿਤਾ (alphabet poem) ਲਿਖੇ ਜਾਣ ਦਾ ਪਤਾ ਲੱਗਦਾ ਹੈ। ਵਖ-ਵਖ ਭਾਸ਼ਾਵਾਂ ਦੀਆਂ ਲਿਪੀਆਂ ਦੇ ਅੱਖਰਾਂ ’ਤੇ ਅਧਾਰਤ ਕੁਝ ਕਾਵਿ-ਰੂਪ ਇਸ ਪ੍ਰਕਾਰ ਹਨ:[1]

- ਸੰਸਕ੍ਰਿਤ ਵਿਚ ਦੇਵਨਾਗਰੀ ਲਿਪੀ ਦੇ ਇਕ ਅੱਖਰ ’ਤੇ ਅਧਾਰਤ: ਏਕਾਕਸ਼ਰੀ।
- ਸਿਧ ਮਾਤ੍ਰਿਕਾ ਲਿਪੀ ਦੇ ਚੌਂਤੀ ਅੱਖਰਾਂ ’ਤੇ ਅਧਾਰਤ: ਚੌਂਤੀਸੀ (ਕੰਨ ਪਾਟੇ ਨਾਥਾਂ ਦੀ ਕਵਿਤਾ)।
- ਹਿੰਦੀ ਵਿਚ ਦੇਵਨਾਗਰੀ ਲਿਪੀ ਦੇ ਬਵੰਜਾ ਅੱਖਰਾਂ ’ਤੇ ਅਧਾਰਤ: ਬਾਵਨ-ਅੱਖਰੀ।
- ਫਾਰਸੀ-ਅਰਬੀ ਦੇ ਤੀਹ ਅੱਖਰਾਂ ’ਤੇ ਅਧਾਰਤ: ਸੀਹਰਫੀ।

ਪੰਜਾਬੀ ਵਿਚ ਜਿਥੇ ਦੂਜੀਆਂ ਕਾਵਿ-ਪਰੰਪਰਾਵਾਂ ਵਿਚੋਂ ਸੀਹਰਫੀ, ਚੌਂਤੀਸਾ, ਬਾਵਨ-ਅਖਰੀ ਆਦਿ ਲਿਪੀ ਅਧਾਰਤ ਕਾਵਿ-ਰੂਪ ਆਏ, ਉਥੇ ਇਸ ਦੀ ਆਪਣੀ ਲਿਪੀ (ਗੁਰਮੁਖੀ) ਅਧਾਰਤ ਪੱਟੀ ਜਾਂ ਪੈਂਤੀ ਅੱਖਰੀ ਆਦਿ ਮੌਲਿਕ ਕਾਵਿ-ਰੂਪ ਵੀ ਪ੍ਰਚਲਤ ਹੋਏ। ਪਿਆਰਾ ਸਿੰਘ ਪਦਮ ਨੇ ਇਨ੍ਹਾਂ ਰਚਨਾਵਾਂ ਦਾ ਪਿਛੋਕੜ ਸਿਧ ਮਾਤ੍ਰਿਕਾ ਲਿਪੀ ਨਾਲ ਜੋੜਿਆ ਹੈ।[2] ਪੁਰਾਣੇ ਸਮਿਆਂ ਵਿਚ ਵਿਦਿਆਰਥੀ ਸਕੂਲ ਵਿਚ ਲਿਪੀ ਦੇ ਅੱਖਰ, ਮੁਹਾਰਨੀ ਆਦਿ ਲਿਖਣ ਅਤੇ ਉਸ ਦਾ ਵਾਰ-ਵਾਰ ਅਭਿਆਸ ਕਰਨ ਲਈ ਫੱਟੀ ਅਥਵਾ ਲੱਕੜ ਦੀ ਤਖਤੀ ਦੀ ਵਰਤੋਂ ਕਰਦੇ ਸਨ। ਇਸ ਨੂੰ ‘ਪੱਟੀ’ ਵੀ ਕਿਹਾ ਜਾਂਦਾ ਸੀ। ਸ਼ਾਇਦ ਇਸੇ ਅਧਾਰ ’ਤੇ ਬਾਅਦ ਵਿਚ ਅਜਿਹੀ ਕਾਵਿ-ਰਚਨਾ ਨੂੰ ਪੱਟੀ ਕਿਹਾ ਜਾਣ ਲੱਗਾ, ਜਿਸ ਵਿਚ ਉਸ ਸਮੇਂ ਪ੍ਰਚਲਤ ਲਿਪੀ ਦੇ ਅੱਖਰਾਂ ਨੂੰ ਕ੍ਰਮ ਅਨੁਸਾਰ ਵਰਤ ਕੇ ਕਿਸੇ ਵਿਸ਼ੇ ਦੀ ਵਿਆਖਿਆ ਕੀਤੀ ਗਈ ਹੁੰਦੀ ਸੀ।

ਗੁਰੂ ਗ੍ਰੰਥ ਸਾਹਿਬ ਵਿਚ ਵੀ ਲਿਪੀ ਅਧਾਰਤ ਕਾਵਿ-ਰੂਪਾਂ ਵਿਚ ਉਚਾਰਨ ਕੀਤੀਆਂ ਬਾਣੀਆਂ[3] ਮਿਲਦੀਆਂ ਹਨ। ਇਨ੍ਹਾਂ ਵਿਚ ਗੁਰੂ ਨਾਨਕ ਸਾਹਿਬ (1469 ਈ.-1539 ਈ.) ਅਤੇ ਗੁਰੂ ਅਮਰਦਾਸ ਸਾਹਿਬ (1506 ਈ.-1574 ਈ.) ਦੁਆਰਾ ਉਚਾਰਣ ਕੀਤੀਆਂ ਪੱਟੀ ਬਾਣੀਆਂ, ਗੁਰੂ ਨਾਨਕ ਸਾਹਿਬ ਦੁਆਰਾ ਉਚਾਰਣ ਕੀਤੀ ਓਅੰਕਾਰ ਬਾਣੀ ਅਤੇ ਗੁਰੂ ਅਰਜਨ ਸਾਹਿਬ ਤੇ ਭਗਤ ਕਬੀਰ ਜੀ ਦੁਆਰਾ ਉਚਾਰਣ ਕੀਤੀਆਂ ਬਾਵਨ ਅੱਖਰੀ ਬਾਣੀਆਂ ਆ ਜਾਂਦੀਆਂ ਹਨ। ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਵੀ ਲਿਪੀ ਅਧਾਰਤ ਕਾਵਿ-ਰਚਨਾਵਾਂ ਲਿਖੀਆਂ ਜਾਂਦੀਆਂ ਸਨ। ਗੁਰੂ ਸਾਹਿਬ ਨੇ ਇਸ ਕਾਵਿ-ਪਰੰਪਰਾ ਨੂੰ ਅੱਗੇ ਤੋਰਦੇ ਹੋਏ ਉਸ ਸਮੇਂ ਦੇ ਪ੍ਰਚਲਤ ਅੱਖਰਾਂ ਨੂੰ ਅਧਾਰ ਬਣਾ ਕੇ ਪੱਟੀ ਬਾਣੀ ਦਾ ਉਚਾਰਣ ਕੀਤਾ। ਉਨ੍ਹਾਂ ਪ੍ਰਚਲਤ ਅੱਖਰਾਂ ਦੇ ਵਿਕਾਸ ਵਿਚ ਗੁਰੂ ਸਾਹਿਬਾਨ ਵੱਲੋਂ ਪਾਏ ਯੋਗਦਾਨ ਸਦਕਾ ਇਸ ਲਿਪੀ ਨੂੰ ‘ਗੁਰਮੁਖੀ’ ਕਿਹਾ ਜਾਣ ਲੱਗਾ।

ਇਥੇ, ਗੁਰਮੁਖੀ ਲਿਪੀ ਦੀ ਭੂਮਿਕਾ ਨੂੰ ਵੀ ਸਮਝਣਾ ਪ੍ਰਸੰਗਕ ਹੋਵੇਗਾ। ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹਵਾਲੇ ਅਨੁਸਾਰ[4] ਗੁਰੂ ਨਾਨਕ ਸਾਹਿਬ ਨੇ ਇਕ ‘ਰਾਜ’ ਦੀ ਸਥਾਪਨਾ ਕੀਤੀ। ‘ਰਾਜ’ ਸ਼ਬਦ ਪ੍ਰਭੂਸੱਤਾ, ਅਧਿਕਾਰ ਅਤੇ ਸ਼ਾਸਨ-ਵਿਧੀ ਦਾ ਵੀ ਲਖਾਇਕ ਹੈ। ਇਸ ਰਾਜ ਤਹਿਤ, ਗੁਰੂ ਸਾਹਿਬਾਨ ਨੇ ਸ਼ਹਿਰ ਸਥਾਪਤ ਕੀਤੇ, ਜਿਥੇ ਸਿਖ ਸਿਧਾਂਤਾਂ ਨੂੰ ਇਕ ਸ਼ਾਸਨ-ਵਿਧੀ (ਮਾਡਲ) ਦੇ ਰੂਪ ਵਿਚ ਅਮਲੀ ਜਾਮਾ ਪਹਿਨਾਇਆ ਗਿਆ। ਇਸ ਪ੍ਰਕਾਰ ਦੇ ਸ਼ਹਿਰਾਂ ਨੂੰ ਅਜੋਕੇ ਸਮੇਂ ਵਿਚ ਸਿਟੀ-ਸਟੇਟ (city-state) ਵਜੋਂ ਪਛਾਣਿਆ ਜਾਂਦਾ ਹੈ, ਜਿਵੇਂ ਕਿ ਸਿੰਗਾਪੁਰ। ਇਨ੍ਹਾਂ ਸਿਖ ਸਿਧਾਂਤਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਲਈ ਇਕ ਸੁਤੰਤਰ ਲਿਪੀ ‘ਗੁਰਮੁਖੀ’ ਤਿਆਰ ਕੀਤੀ ਗਈ। ਗੁਰਮੁਖੀ ਲਿਪੀ ਨੇ ਸਿਖਾਂ ਦੀ ਇਕ ਵਖਰੀ ਸਮਾਜਕ ਅਤੇ ਰਾਜਨੀਤਕ ਪਛਾਣ ਬਨਾਉਣ ਵਿਚ ਵਡਾ ਯੋਗਦਾਨ ਪਾਇਆ। ਇਹ ਲਿਪੀ ਗੁਰੂ ਸਹਿਬਾਨ ਦਾ ਸੁਨੇਹਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਤੇ ਉਸ ਨੂੰ ਆਮ ਲੋਕਾਂ ਵਿਚ ਪਹੁੰਚਾਉਣ ਦਾ ਮਾਧਿਅਮ ਬਣੀ। ਇਸੇ ਲਿਪੀ ਰਾਹੀਂ ਗੁਰੂ ਸਾਹਿਬਾਨ ਨੇ ਸਮਾਜਕ,


**www.sanvad.org**
ISSN : 2395-1273

ਰਾਜਨੀਤਕ ਅਤੇ ਧਾਰਮਕ ਗੁਲਾਮੀ ਤੋਂ ਆਪਣੇ-ਆਪ ਨੂੰ ਅਜਾਦ ਕਰਨ ਦਾ ਮਨੁਖ ਨੂੰ ਰਾਹ ਦਿਖਾਇਆ ਅਤੇ ਤਾਕਤ ਦਿੱਤੀ।

ਪੰਜਾਬੀ ਵਿਚ 100 ਕੁ ਪੈਂਤੀ ਅੱਖਰੀਆਂ ਜਾਂ ਪੱਟੀਆਂ ਲਿਖੀਆਂ ਮਿਲਦੀਆਂ ਹਨ।[5] ਇਨ੍ਹਾਂ ਵਿਚੋਂ ਸਭ ਤੋਂ ਪਹਿਲੀ ਪੱਟੀ ਗੁਰੂ ਨਾਨਕ ਸਾਹਿਬ (1469-1539 ਈ.) ਦੀ ਹੈ। ਇਸ ਅਧਾਰ ’ਤੇ ਇਹ ਗੁਰੂ ਗ੍ਰੰਥ ਸਾਹਿਬ ਦਾ ਮੌਲਿਕ ਕਾਵਿ-ਰੂਪ ਸਥਾਪਤ ਹੁੰਦਾ ਹੈ ਅਤੇ ਗੁਰੂ ਨਾਨਕ ਸਾਹਿਬ ਇਸ ਦੇ ਸੰਸਥਾਪਕ ਬਣਦੇ ਹਨ। ਗੁਰੂ ਨਾਨਕ ਸਾਹਿਬ ਦੁਆਰਾ ਆਸਾ ਰਾਗ ਵਿਚ ‘ਪਟੀ ਲਿਖੀ’ ਸਿਰਲੇਖ ਅਧੀਨ ਉਚਾਰਣ ਕੀਤੀ ਇਹ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 432-434 ਉਪਰ ਦਰਜ ਹੈ। ਇਸ ਵਿਚ ਦੋ-ਦੋ ਤੁਕਾਂ ਦੇ ਪੈਂਤੀ ਪਦੇ ਹਨ। ‘ਰਹਾਉ’ ਦਾ ਇਕ ਪਦਾ ਇਨ੍ਹਾਂ ਤੋਂ ਵਖਰਾ ਹੈ।

### ਪੱਟੀ ਬਾਣੀ ਦਾ ਅੱਖਰ-ਕ੍ਰਮ

ਗੁਰੂ ਨਾਨਕ ਸਾਹਿਬ ਦੁਆਰਾ ਉਚਾਰਣ ਕੀਤੀ ਪੱਟੀ ਬਾਣੀ ਵਿਚ ਵਰਤਿਆ ਅੱਖਰ-ਕ੍ਰਮ ਗੁਰਮੁਖੀ ਲਿਪੀ ਦੇ ਅੱਖਰਾਂ ਦੀ ਅਜੋਕੀ ਤਰਤੀਬ ਨਾਲੋਂ ਕੁਝ ਵਖਰਾ ਹੈ। ਉਦਾਹਰਣ ਵਜੋਂ ਗੁਰਮੁਖੀ ਅੱਖਰ-ਕ੍ਰਮ ਦੀ ਵਰਤਮਾਨ ਤਰਤੀਬ ਅਨੁਸਾਰ ‘ੳ, ਅ, ੲ’ ਸਵਰ-ਵਾਹਕ ਪਹਿਲਾਂ ਆਉਂਦੇ ਹਨ, ਪਰ ‘ਪੱਟੀ’ ਬਾਣੀ ਵਿਚ ‘ੳ’ ਤੋਂ ਪਹਿਲਾਂ ‘ਸ’ ਅਤੇ ‘ੲ’ ਰਖੇ ਗਏ ਹਨ। ‘ਅ’ ਸਾਰੇ ਅੱਖਰਾਂ ਤੋਂ ਅਖੀਰ ਵਿਚ ਆਇਆ ਹੈ:

| | | | | |
|---|---|---|---|---|
| ਸ | ੲ | ੳ | | |
| ਙ | ਕ | ਖ | ਗ | ਘ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਹ | ਅ | | | |

ਇਸ ਪ੍ਰਕਾਰ ਗੁਰਮੁਖੀ ਲਿਪੀ ਦੇ ਮੌਜੂਦਾ ਅੱਖਰ-ਕ੍ਰਮ ਨਾਲੋਂ ਇਸ ਬਾਣੀ ਦੇ ਅੱਖਰ-ਕ੍ਰਮ ਦੀ ਤਰਤੀਬ ਵਿਚ ਨਿਮਨਲਿਖਤ ਛੇ ਅੱਖਰਾਂ ਦਾ ਅੰਤਰ ਦਿਖਾਈ ਦਿੰਦਾ ਹੈ:

| ਅੱਖਰ | ਮੌਜੂਦਾ ਤਰਤੀਬ | ‘ਪੱਟੀ’ ਬਾਣੀ ਵਿਚਲੀ ਤਰਤੀਬ |
|---|---|---|
| ਸ | ਚੌਥਾ ਅੱਖਰ | ਪਹਿਲਾ ਅੱਖਰ |
| ੲ | ਤੀਜਾ ਅੱਖਰ | ਦੂਜਾ ਅੱਖਰ |
| ੳ | ਪਹਿਲਾ ਅੱਖਰ | ਤੀਜਾ ਅੱਖਰ |
| ਙ | ਦਸਵਾਂ ਅੱਖਰ | ਚੌਥਾ ਅੱਖਰ |
| ਹ | ਪੰਜਵਾਂ ਅੱਖਰ | ਚੌਂਤੀਵਾਂ ਅੱਖਰ |
| ਅ | ਦੂਜਾ ਅੱਖਰ | ਪੈਂਤੀਵਾਂ ਅੱਖਰ |

ਅੱਖਰ-ਕ੍ਰਮ ਦੀ ਇਸ ਭਿੰਨਤਾ ਦੇ ਅਧਾਰ ’ਤੇ ਡਾ. ਰਤਨ ਸਿੰਘ ਜੱਗੀ ਇਹ ਧਾਰਨਾ ਪੇਸ਼ ਕਰਦੇ ਹਨ ਕਿ ਇਸ ਤੋਂ ਇੰਨਾ ਤਾਂ ਸਪਸ਼ਟ ਹੈ ਕਿ ਇਸ ਬਾਣੀ ਦੇ ਰਚੇ ਜਾਣ ਤਕ ਗੁਰਮੁਖੀ ਲਿਪੀ ਦਾ ਵਰਤਮਾਨ ਅੱਖਰ-ਕ੍ਰਮ ਨਿਸ਼ਚਤ ਨਹੀਂ ਹੋਇਆ ਸੀ।[6] ਡਾ. ਹਰਭਜਨ ਸਿੰਘ ਦੇ ਹਵਾਲੇ ਨਾਲ ਡਾ. ਬਲਜਿੰਦਰ ਸਿੰਘ ਲਿਖਦੇ ਹਨ ਕਿ ਗੁਰਮੁਖੀ ਪੈਂਤੀ ਅੱਖਰੀ ਦਾ ਵਰਤਮਾਨ ਅੱਖਰ-ਕ੍ਰਮ ਗੁਰੂ ਅੰਗਦ ਸਾਹਿਬ ਦੀ ਦੇਣ ਹੈ।[7]

ਅੱਖਰਾਂ ’ਤੇ ਅਧਾਰਤ ਬਾਣੀਆਂ (ਪਟੀ ਮਹਲਾ ੧ ਅਤੇ ਪਟੀ ਮਹਲਾ ੩) ਵਿਚ ‘ਸ, ੲ, ੳ, ਙ’ ਧੁਨੀਆਂ ਪਹਿਲਾਂ ਆਈਆਂ ਹਨ। ਇਨ੍ਹਾਂ ਤੋਂ ਬਾਅਦ ‘ਡਕਵੀਆਂ’ ਅਤੇ ‘ਅੰਤਮ ਵਰਗੀ’ ਧੁਨੀਆਂ ਆਈਆਂ ਹਨ। ਇਨ੍ਹਾਂ ਦੋਵਾਂ ਧੁਨੀ-ਸਮੂਹਾਂ ਤੋਂ ਬਾਅਦ ਕ੍ਰਮਵਾਰ ‘ੜ’ ਅਤੇ ‘ਹ’ ਧੁਨੀਆਂ ਰਖੀਆਂ ਗਈਆਂ ਹਨ। ਡਾ. ਗੋਬਿੰਦਨਾਥ ਰਾਜਗੁਰੂ ਅਨੁਸਾਰ ‘ਸ, ਧ, ਙ’ ਕ੍ਰਮ ਸਾਡੀਆਂ ਅਨੇਕ ਲਿਪੀਆਂ ਵਿਚ ਮਿਲਦਾ ਹੈ। ਗੁਰੂ ਨਾਨਕ ਸਾਹਿਬ ਦੀ ਬਾਣੀ ‘ਓਅੰਕਾਰ’ ਵਿਚ ਵੀ ਵਰਣਾਂ ਦਾ ਕ੍ਰਮ ‘ਸ, ਧ, ਙ’ ਹੀ ਹੈ।[8] ਇਸ ਕ੍ਰਮ ਵਿਚ ਸਥਾਪਤ ਵਰਣਮਾਲਾ ਨੂੰ

'ਸਿਧੰਙਾਇਆ' ਕਿਹਾ ਜਾਂਦਾ ਸੀ। ਗੁਰੂ ਅਮਰਦਾਸ ਸਾਹਿਬ ਨੇ ਆਪਣੀ ਬਾਣੀ 'ਪਟੀ' ਵਿਚ 'ਸਿਧੰਙਾਇਐ' ਸ਼ਬਦ ਦੀ ਵਰਤੋਂ ਕੀਤੀ ਹੈ:

*ਸਿਧੰਙਾਇਐ ਸਿਮਰਹਿ ਨਾਹੀ ਨੰਨੈ ਨਾ ਤੁਧੁ ਨਾਮੁ ਲਇਆ॥* (ਗੁਰੂ ਗ੍ਰੰਥ ਸਾਹਿਬ ੪੩੪)

## ਪੱਟੀ ਬਾਣੀ ਦੇ ਅੱਖਰਾਂ ਦਾ ਉਚਾਰਣ/ਬਣਤਰ

ਅੱਖਰ-ਕ੍ਰਮ ਸਮੇਤ ਪੱਟੀ ਬਾਣੀ ਦੇ ਅੱਖਰਾਂ ਦਾ ਉਚਾਰਣ/ਬਣਤਰ ਵੀ ਆਪਣੇ ਵੱਲ ਧਿਆਨ ਖਿੱਚਦੀ ਹੈ। ਇਨ੍ਹਾਂ ਅੱਖਰਾਂ ਵਿਚੋਂ 'ੲ' ਤੋਂ ਇਲਾਵਾ ਬਾਕੀ ਸਾਰੇ ਅੱਖਰਾਂ ਦੀ ਵਰਤੋਂ 'ਐ' ਅੰਤਕ ਰੂਪ ਵਿਚ ਹੋਈ ਹੈ, ਜਿਵੇਂ: ਸਸੈ, ਗਗੈ, ਦਦੈ, ਧਧੈ ਆਦਿ। ਇਥੇ ਇਹ ਵਿਸ਼ੇਸ਼ ਤੌਰ 'ਤੇ ਜਿਕਰਜੋਗ ਹੈ ਕਿ ਇਹ ਨਾ ਤਾਂ ਅੱਖਰਾਂ ਦੇ ਨਾਂ ਹਨ ਅਤੇ ਨਾ ਹੀ ਇਨ੍ਹਾਂ ਦੇ ਉਚਾਰਣ, ਬਲਕਿ ਇਹ ਇਨ੍ਹਾਂ ਅੱਖਰਾਂ ਦੇ ਵਿਆਕਰਣਕ ਰੂਪਾਂਤਰਣ ਹਨ। ਗੁਰਬਾਣੀ ਦੀ ਲਿਖਣ ਨੇਮਾਂਵਲੀ (ਗੁਰਬਾਣੀ ਵਿਆਕਰਣ) ਅਨੁਸਾਰ 'ਆ' ਅੰਤਕ ਸ਼ਬਦਾਂ ਦਾ ਕਰਣ ਕਾਰਕੀ ਰੂਪ 'ਐ' ਅੰਤਕ ਹੁੰਦਾ ਹੈ। ਜਦਕਿ 'ਈ' ਅੰਤਕ ਸ਼ਬਦਾਂ, ਜਿਵੇਂ ਕਿ 'ਈਵੜੀ/ਈੜੀ' ਦਾ 'ਈ' ਅੰਤਕ ਹੀ ਰਹਿੰਦਾ ਹੈ। ਇਸੇ ਕਾਰਣ ਬਾਕੀ ਦੇ ਸਾਰੇ ਅੱਖਰ 'ਐ' ਅੰਤਕ ਹਨ ਅਤੇ ਕੇਵਲ 'ਈਵੜੀ/ਈੜੀ' ਹੀ 'ਈ' ਅੰਤਕ ਰੂਪ ਵਿਚ ਆਈ ਹੈ। ਕਰਣ-ਕਾਰਕੀ ਰੂਪ ਵਿਚ ਸਸੈ, ਗਗੈ ਆਦਿ ਦੇ ਅਰਥ ਬਣਦੇ ਹਨ: ਸੱਸੇ ਦੁਆਰਾ, ਗੱਗੇ ਦੁਆਰਾ; ਭਾਵ, 'ਸੱਸੇ' ਅੱਖਰ ਦੁਆਰਾ ਉਪਦੇਸ਼, ਗੱਗੇ ਅੱਖਰ ਦੁਆਰਾ ਉਪਦੇਸ਼ ਆਦਿ।

## ਲਿਪੀ ਅਧਾਰਤ ਰਚਨਾਵਾਂ ਅਤੇ ਪੱਟੀ ਬਾਣੀ

ਲਿਪੀ ਅਧਾਰਤ ਰਚਨਾਵਾਂ ਦਾ ਇਹ ਕਾਵਿਕ ਲੱਛਣ ਹੁੰਦਾ ਹੈ ਕਿ ਇਨ੍ਹਾਂ ਵਿਚ ਆਮ ਕਰ ਕੇ ਅੱਖਰ ਵਿਸ਼ੇਸ਼ ਤੋਂ ਬਾਅਦ ਆਉਣ ਵਾਲਾ ਸ਼ਬਦ ਵੀ ਉਸੇ ਹੀ ਅੱਖਰ ਨਾਲ ਅਰੰਭ ਹੁੰਦਾ ਹੈ। ਉਦਾਹਰਣ ਵਜੋਂ ਭਗਤ ਕਬੀਰ ਜੀ ਦੁਆਰਾ ਉਚਾਰਣ ਕੀਤੀ 'ਬਾਵਨ ਅਖਰੀ' ਨੂੰ ਦੇਖਿਆ ਜਾ ਸਕਦਾ ਹੈ:

*ਗਗਾ ਗੁਰ ਕੇ ਬਚਨ ਪਛਾਨਾ ।। ਦੂਜੀ ਬਾਤ ਨਾ ਧਰਈ ਕਾਨਾ॥* (ਗੁਰੂ ਗ੍ਰੰਥ ਸਾਹਿਬ ੩੪੦)

ਇਸੇ ਪ੍ਰਕਾਰ ਸੂਫੀ ਕਵੀ ਸੁਲਤਾਨ ਬਾਹੂ ਦੁਆਰਾ ਰਚਿਤ ਸੀਹਰਫੀ ਦਾ ਵੀ ਨਿਮਨਲਿਖਤ ਬੰਦ ਦੇਖ ਸਕਦੇ ਹਾਂ:

*ਮੀਮ ਮੁਰਸ਼ਦ ਵਾਂਗ ਸੁਨਿਆਰੇ ਹੋਵੇ, ਜਿਹੜਾ ਘੱਤ ਕੁਠਾਲੀ ਗਾਲੇ ਹੂ।*
*ਪਾ ਕੁਠਾਲੀ ਬਾਹਰ ਕੱਢੇ, ਬੁੰਦੇ ਘੜੇ ਜਾਂ ਵਾਲੇ ਹੂ।*

ਪੱਟੀ ਬਾਣੀ ਦੇ ਪਦਿਆਂ ਵਿਚ ਵੀ ਅੱਖਰ ਵਿਸ਼ੇਸ਼ ਤੋਂ ਬਾਅਦ ਆਉਣ ਵਾਲਾ ਸ਼ਬਦ ਜਿਆਦਾਤਰ ਉਸੇ ਹੀ ਅੱਖਰ ਨਾਲ ਅਰੰਭ ਹੋ ਰਿਹਾ ਹੈ:

*ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ॥* (ਗੁਰੂ ਗ੍ਰੰਥ ਸਾਹਿਬ ੪੩੨)
*ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ॥* (ਗੁਰੂ ਗ੍ਰੰਥ ਸਾਹਿਬ ੪੩੨)

ਪਰ ਇਸ ਬਾਣੀ ਦੇ ਪੰਜ ਅੱਖਰਾਂ 'ੲ, ਙ, ਣ, ਯ, ੜ' ਨਾਲ ਆਏ ਸ਼ਬਦ ਕੁਝ ਨਿਵੇਕਲੇ ਜਾਪਦੇ ਹਨ। ਕਿਉਂਕਿ ਇਥੇ 'ੲ' ਨਾਲ 'ਆਦਿ,' 'ਙ' ਨਾਲ 'ਨਦਰਿ,' 'ਣ' ਨਾਲ 'ਰਵਤੁ,' 'ਯ' ਨਾਲ 'ਜਨਮ' ਅਤੇ 'ੜ' ਨਾਲ 'ਰਾੜਿ' ਸ਼ਬਦ ਜੋੜਿਆ ਗਿਆ ਹੈ। ਇਸ ਵਰਤੋਂ ਦੇ ਪਿਛੋਕੜ ਵਿਚ ਧੁਨੀ ਨੇੜਤਾ ਅਤੇ ਧੁਨੀ ਵਟਾਂਦਰੇ ਦੇ ਨਿਯਮ ਕਾਰਜਸ਼ੀਲ ਕਹੇ ਜਾ ਸਕਦੇ ਹਨ, ਕਿਉਂਕਿ:

1. 'ੲ' ਤੇ 'ਅ' ਦੋਵੇਂ ਸਵਰ ਹਨ ਅਤੇ ਇਹ ਧੁਨੀਆਂ ਵੀ ਪਰਸਪਰ ਸਾਂਝ ਰਖਦੀਆ ਹਨ। ਪੰਜਾਬੀ ਬੋਲਚਾਲ ਵਿਚ 'ੲ' ਅਤੇ 'ਅ' ਦਾ ਵਟਾਂਦਰਾ ਵੀ ਆਮ ਤੌਰ 'ਤੇ ਕੁਝ ਸ਼ਬਦਾਂ ਵਿਚ ਦੇਖਣ ਨੂੰ ਮਿਲਦਾ ਹੈ। ਜਿਵੇਂ, ਇਸ਼ਨਾਨ ਤੇ ਅਸ਼ਨਾਨ।
2. 'ਙ' ਤੇ 'ਨ' ਦੋਵੇਂ ਨਾਸਕੀ ਧੁਨੀਆਂ ਹਨ। ਆਮ ਬੋਲਚਾਲ ਵਿਚ ਵੀ ਇਨ੍ਹਾ ਧੁਨੀਆਂ ਦਾ ਪਰਸਪਰ ਵਟਾਂਦਰਾ ਦੇਖਿਆ ਜਾ ਸਕਦਾ ਹੈ। ਜਿਵੇਂ ਕਿ ਜੰਙ ਤੇ ਜੰਨ।
3. ਗੁਰਬਾਣੀ ਅਤੇ ਪੰਜਾਬੀ ਭਾਸ਼ਾਈ ਮੁਹਾਵਰੇ ਵਿਚ 'ਯ' ਧੁਨੀ ਕਈ ਵਾਰ 'ਜ' ਧੁਨੀ ਵਿਚ ਬਦਲ ਜਾਂਦੀ ਹੈ। ਜਿਵੇਂ, ਯੋਗੀ ਤੋਂ ਜੋਗੀ।
4. 'ੜ' ਅਤੇ 'ਰ' ਦੋਵੇਂ ਧੁਨੀਆਂ ਵੀ ਅਤਿ-ਨਜਦੀਕੀ ਰੂਪ ਵਿਚ ਵਿਚਰਦੀਆਂ ਹਨ ਅਤੇ ਕਈ ਵਾਰ 'ੜ' ਧੁਨੀ 'ਰ' ਧੁਨੀ ਵਿਚ ਬਦਲ ਜਾਂਦੀ ਹੈ। ਜਿਵੇਂ, ਕੁਝ ਇਲਾਕਿਆ ਵਿਚ ਘੋੜਾ ਨੂੰ ਘੋਰਾ ਵੀ ਬੋਲਿਆ ਜਾਂਦਾ ਹੈ।


**www.sanvad.org**
ISSN : 2395-1273

5. ਇਸੇ ਪ੍ਰਕਾਰ ਗੁਰਬਾਨੀ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ 'ਣ' ਅਤੇ 'ਰ' ਦੋਵੇਂ ਧੁਨੀਆਂ ਵੀ ਅਤਿ-ਨਜਦੀਕੀ ਰੂਪ ਵਿਚ ਵਿਚਰਦੀਆਂ ਹਨ। ਇਸ ਬਾਣੀ ਤੋਂ ਇਲਾਵਾ ਗੁਰੂ ਅਰਜਨ ਸਾਹਿਬ ਅਤੇ ਭਗਤ ਕਬੀਰ ਜੀ ਦੁਆਰਾ ਉਚਾਰਣ ਕੀਤੀਆਂ 'ਬਾਵਨ ਅਖਰੀ' ਬਾਣੀਆਂ ਵਿਚ ਵੀ 'ਣ' ਨਾਲ 'ਰ' ਧੁਨੀ ਵਾਲੇ ਸ਼ਬਦ ਜੋੜੇ ਗਏ ਹਨ:

*ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ॥* (ਗੁਰੂ ਗ੍ਰੰਥ ਸਾਹਿਬ ੨੫੬)
*ਣਾਣਾ ਰਣਿ ਰੂਤਉ ਨਰ ਨੇਹੀ ਕਰੈ॥* (ਗੁਰੂ ਗ੍ਰੰਥ ਸਾਹਿਬ ੩੪੧)

ਇਥੇ ਇਕ ਗੱਲ ਹੋਰ ਵੀ ਧਿਆਨ ਦੀ ਮੰਗ ਕਰਦੀ ਹੈ ਕਿ ਅਜੋਕੀ ਪੰਜਾਬੀ ਵਿਚ ਇਨ੍ਹਾਂ ਪੰਜ ਅੱਖਰਾਂ (ਙ, ਞ, ਣ, ਯ, ੜ) ਵਿਚੋਂ ਤਿੰਨ ਅੱਖਰਾਂ (ਞ, ਣ, ੜ) ਦੀ ਵਰਤੋਂ ਸ਼ਬਦਾਂ ਦੀ ਅਰੰਭਕ ਸਥਿਤੀ ਵਿਚ ਨਹੀਂ ਹੁੰਦੀ। ਮੌਜੂਦਾ ਸਮੇਂ ਵਿਚ ਪ੍ਰਕਾਸ਼ਤ ਹੋ ਰਹੇ ਗੁਰਮੁਖੀ ਅੱਖਰ-ਬੋਧਾਂ ਵਿਚ ਇਨ੍ਹਾਂ ਤਿੰਨ ਅੱਖਰਾਂ ਦੇ ਨਾਲ 'ਙ' ਅਖਰ ਨੂੰ ਵੀ ਖਾਲੀ ਕਰਾਰ ਦੇ ਕੇ ਛੱਡ ਦਿੱਤਾ ਜਾਂਦਾ ਹੈ। ਜਦਕਿ ਗੁਰਬਾਣੀ ਵਿਚ ਇਨ੍ਹਾਂ ਅਖਰਾਂ ਦੀ ਸ਼ਬਦ ਦੇ ਅਰੰਭ ਵਿਚ ਵਰਤੋਂ ਹੋਈ ਮਿਲਦੀ ਹੈ:

*ਙੰਙਾ ਙਿਆਨੁ ਨਹੀ ਮੁਖ ਬਾਤਉ॥* (ਗੁਰੂ ਗ੍ਰੰਥ ਸਾਹਿਬ, ੨੫੧)
*ਞਤਨ ਕਰਹੁ ਤੁਮ ਅਨਿਕ ਬਿਧਿ ਰਹਨੁ ਨ ਪਾਵਹੁ ਮੀਤ॥* (ਗੁਰੂ ਗ੍ਰੰਥ ਸਾਹਿਬ ੨੫੫)
*ਣਾਮ ਵਿਹੂਣੇ ਆਦਮੀ ਕਲਰ ਕੰਧ ਗਿਰੰਤਿ॥* (ਗੁਰੂ ਗ੍ਰੰਥ ਸਾਹਿਬ ੯੩੪)
*ੜਾੜਾ ਗੁਰਮੁਖਿ ੜਾੜਿ ਮਿਟਾਈ॥* (ਗੁਰੂ ਗ੍ਰੰਥ ਸਾਹਿਬ ੨੬੦)

## ਪੱਟੀ ਬਾਣੀ ਦਾ ਵਿਸ਼ਾ

ਇਸ ਬਾਣੀ ਵਿਚ ਗੁਰੂ ਨਾਨਕ ਸਾਹਿਬ ਦੁਆਰਾ ਅੱਖਰ-ਭੇਦ ਦੀ ਸੋਝੀ ਬਖਸ਼ਦਿਆਂ ਪਰਮਾਤਮਾ ਦੀ ਉਸਤਤਿ ਕੀਤੀ ਗਈ ਹੈ ਤੇ ਉਸ ਦੀ ਪ੍ਰਾਪਤੀ ਉੱਤੇ ਬਲ ਦਿੱਤਾ ਗਿਆ ਹੈ। ਰਵਾਇਤ ਅਨੁਸਾਰ ਇਹ ਬਾਣੀ ਪਾਂਧੇ/ਪੰਡਿਤ ਨੂੰ ਸੰਬੋਧਤ ਹੈ। ਪਰ ਇਸ ਬਾਣੀ ਵਿਚ ਦਿੱਤੇ ਉਪਦੇਸ਼ ਕੇਵਲ ਪਾਂਧੇ/ਪੰਡਿਤ ਤਕ ਹੀ ਸੀਮਤ ਨਹੀਂ ਹਨ, ਬਲਕਿ ਇਹ ਸਾਰੇ ਮਨੁਖਾਂ ਲਈ ਹਨ। 'ਰਹਾਉ' ਵਾਲੇ ਬੰਦ ਵਿਚ ਮਨੁਖੀ ਮਨ ਨੂੰ ਸੇਧ ਦਿੱਤੀ ਗਈ ਹੈ ਕਿ ਉਹ ਆਪਣੇ-ਆਪ ਨੂੰ ਪੜ੍ਹਿਆ-ਲਿਖਿਆ ਸਮਝ ਕੇ ਭੁੱਲਿਆ ਫਿਰਦਾ ਹੈ। ਅਸਲ ਵਿਚ ਪੜ੍ਹਿਆ ਉਹ ਤਾਂ ਹੀ ਮੰਨਿਆ ਜਾਵੇਗਾ ਜੇਕਰ ਉਹ ਚੰਗੇ ਕਰਮਾਂ ਰਾਹੀਂ ਆਪਣੇ ਜੀਵਨ ਨੂੰ ਸਵਾਰ ਕੇ ਜੀਵਨ-ਮੁਕਤ ਹੋ ਸਕੇਗਾ।

## ਇਤਿਹਾਸਕ ਪਖ

ਇਸ ਬਾਣੀ ਦੇ ਉਚਾਰੇ ਜਾਣ ਸੰਬੰਧੀ ਦੋ ਪ੍ਰਕਾਰ ਦੇ ਵਿਚਾਰ ਮਿਲਦੇ ਹਨ। ਪਹਿਲੇ ਵਿਚਾਰ ਅਨੁਸਾਰ ਇਸ ਬਾਣੀ ਦਾ ਉਚਾਰਣ ਗੁਰੂ ਨਾਨਕ ਸਾਹਿਬ ਨੇ ਆਪਣੇ ਬਚਪਨ ਵਿਚ ਕੀਤਾ। ਇਹ ਵਿਚਾਰ ਪੁਰਾਤਨ ਸਿਖ ਸਰੋਤਾਂ, ਖਾਸਕਰ ਜਨਮਸਾਖੀਆਂ ਵਿਚ ਮਿਲਦਾ ਹੈ। ਕੁਝ ਟੀਕਾਕਾਰਾਂ ਨੇ ਵੀ ਇਸ ਨੂੰ ਅਪਨਾਇਆ ਹੈ। ਇਸ ਵਿਚਾਰ ਦੇ ਸਮਰਥਕਾਂ ਅਨੁਸਾਰ ਗੁਰੂ ਨਾਨਕ ਸਾਹਿਬ ਨੂੰ ਪੰਜ ਜਾਂ ਸੱਤ ਕੁ ਸਾਲਾਂ ਦੀ ਉਮਰ ਵਿਚ ਪਾਂਧੇ[9] ਕੋਲ ਪੜ੍ਹਨ ਭੇਜਿਆ ਗਿਆ।[10] ਪਾਂਧੇ ਨੇ ਲੰਡਿਆਂ ਦੀ ਪੱਟੀ, ਜਿਸ ਨੂੰ ਉਸ ਸਮੇਂ 'ਸਿਧੋਙਾਇਆ' ਕਹਿੰਦੇ ਸਨ, ਲਿਖ ਕੇ ਦਿੱਤੀ।[11] ਗੁਰੂ ਸਾਹਿਬ ਨੇ ਇਸੇ ਸਮੇਂ ਪਾਂਧੇ ਦੀ ਪੱਟੀ ਦੇ ਮੁਕਾਬਲੇ ਇਸ 'ਪੱਟੀ' ਬਾਣੀ ਦਾ ਉਚਾਰਣ ਕੀਤਾ।

ਇਸੇ ਵਿਚਾਰ ਦੇ ਹੱਕ ਵਿਚ ਦਲੀਲ-ਉਸਾਰੀ ਕਰਦਿਆਂ ਭਾਈ ਵੀਰ ਸਿੰਘ ਲਿਖਦੇ ਹਨ ਕਿ ਇਸ ਬਾਣੀ ਦੇ ਸਿਰਲੇਖ ਵਿਚ 'ਪਟੀ ਲਿਖੀ' ਤੇ 'ਮਹਲਾ ੧' ਹੋਣਾ ਦੱਸਦਾ ਹੈ ਕਿ ਇਹ ਉਹੋ ਪੱਟੀ ਹੈ, ਜੋ ਗੁਰੂ ਨਾਨਕ ਸਾਹਿਬ ਨੇ ਪਾਂਧੇ ਦੀ ਮੁਹਾਰਨੀ ਵਾਲੀ ਪੱਟੀ ਪੜ੍ਹਦਿਆਂ, ਪਰਮਾਰਥਕ ਅਰਥਾਂ ਵਾਲੀ ਪੱਟੀ ਆਪ ਲਿਖੀ ਸੀ।[12]

ਦੂਜੇ ਵਿਚਾਰ ਅਨੁਸਾਰ, ਇਸ ਬਾਣੀ ਦੀ ਰਚਨਾ ਗੁਰੂ ਸਾਹਿਬ ਨੇ ਆਪਣੀ ਪ੍ਰੌੜ ਅਵਸਥਾ ਵਿਚ ਕੀਤੀ। ਇਸ ਵਿਚਾਰ ਨੂੰ ਪੇਸ਼ ਕਰਦਿਆਂ ਡਾ. ਕਿਰਪਾਲ ਸਿੰਘ ਲਿਖਦੇ ਹਨ ਕਿ ਇਸ ਬਾਣੀ ਵਿਚ ਜੀਵਨ ਦੇ ਵਿਸ਼ਾਲ ਤਜਰਬੇ ਦਾ ਵਰਣਨ ਹੈ, ਜਿਵੇਂ; *'ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ'* (ਗੁਰੂ ਗ੍ਰੰਥ ਸਾਹਿਬ, ੪੩੩) *'ਨਾਨਕ ਸਾਇਰ ਇਵ ਕਹਿਆ'* (ਗੁਰੂ ਗ੍ਰੰਥ ਸਾਹਿਬ, ੪੩੪)। ਇਸ ਲਈ ਇਹ ਰਚਨਾ ਸੱਤ-ਅੱਠ ਸਾਲ ਦੀ ਛੋਟੀ ਉਮਰ ਵਿਚ ਨਹੀਂ ਹੋਈ ਜਾਪਦੀ।[13]

ਇਸੇ ਪ੍ਰਕਾਰ ਦਾ ਵਿਚਾਰ ਪੇਸ਼ ਕਰਦਿਆਂ ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ ਇਕ ਤਾਂ ਜਨਮਸਾਖੀ-ਸਾਹਿਤ ਵਿਚ ਬਾਣੀਆਂ/ਸ਼ਬਦਾਂ ਦੀਆਂ ਉਥਾਨਕਾਵਾਂ ਸੰਬੰਧੀ ਦਿੱਤੀ ਗਈ ਜਾਣਕਾਰੀ ਭ੍ਰਾਂਤੀਪੂਰਣ ਹੈ। ਦੂਜਾ,

'ਪੱਟੀ' ਇਕ ਕਾਵਿ-ਰੂਪ ਹੈ। ਕਾਵਿ-ਪਰੰਪਰਾ ਦਾ ਅਨੁਸਰਣ ਕਰਦੇ ਹੋਏ ਹੀ ਗੁਰੂ ਨਾਨਕ ਸਾਹਿਬ ਨੇ ਇਸ ਕਾਵਿ-ਰੂਪ ਵਿਚ ਆਪਣੇ ਵਿਚਾਰ ਪ੍ਰਗਟਾਏ ਹਨ। ਇਸ ਲਈ ਇਸ ਨੂੰ ਪਾਂਧੇ ਵਾਲੇ ਪ੍ਰਸੰਗ ਨਾਲ ਸੰਬੰਧਤ ਕਰਨਾ ਉਚਿਤ ਪ੍ਰਤੀਤ ਨਹੀਂ ਹੁੰਦਾ। ਤੀਜਾ, ਜੇ ਪੱਟੀ ਲਿਖਣ ਦਾ ਸਮਾਂ ਗੁਰੂ ਨਾਨਕ ਸਾਹਿਬ ਦਾ ਬਾਲ-ਕਾਲ ਹੈ, ਤਾਂ 70 ਵਰ੍ਹਿਆਂ ਦੀ ਉਮਰ ਵਿਚ ਗੁਰਤਾਗੱਦੀ ਉਪਰ ਬੈਠਣ ਵਾਲੇ ਗੁਰੂ ਅਮਰਦਾਸ ਸਾਹਿਬ ਦੁਆਰਾ ਉਚਾਰਣ ਕੀਤੀ ਬਾਣੀ 'ਪੱਟੀ' ਉਨ੍ਹਾਂ ਨੇ ਕਿਸ ਪਾਂਧੇ ਪ੍ਰਤੀ ਉਚਾਰਣ ਕੀਤੀ ਸੀ? ਚੌਥਾ, ਇਸ ਰਚਨਾ ਦੀ ਆਖਰੀ ਤੁਕ ਵਿਚ ਗੁਰੂ ਸਾਹਿਬ ਨੇ ਆਪਣੇ-ਆਪ ਨੂੰ 'ਸਾਇਰ' (ਸ਼ਾਇਰ/ਕਵੀ) ਕਿਹਾ ਹੈ। ਇਸ ਸ਼ਬਦ ਦੀ ਤਦ ਹੀ ਵਰਤੋਂ ਹੋ ਸਕਣੀ ਸੰਭਵ ਹੈ, ਜਦੋਂ ਗੁਰੂ ਸਾਹਿਬ ਦੀ ਕਾਵਿ-ਪ੍ਰਤਿਭਾ ਵਿਕਸਤ ਹੋ ਚੁੱਕੀ ਹੋਵੇਗੀ। ਪੰਜਵਾਂ, ਬਾਲ-ਕਾਲ ਦਾ ਸਰਲ ਨਿਰੂਪਣ ਵੀ ਇਸ ਰਚਨਾ ਵਿਚ ਕਿਤੇ ਨਹੀਂ ਮਿਲਦਾ। ਫਲਸਰੂਪ, ਇਹ ਬਾਲ-ਕਾਲ ਦੀ ਰਚਨਾ ਸਿਧ ਨਹੀਂ ਹੁੰਦੀ। ਅਸਲ ਵਿਚ ਪੰਡਿਤ ਨੂੰ ਸੰਬੋਧਨ ਕੀਤੇ ਜਾਣ ਕਾਰਣ ਹੀ ਇਸ ਪ੍ਰਕਾਰ ਦੀਆਂ ਉਥਾਨਕਾਵਾਂ ਕਲਪੀਆਂ ਗਈਆਂ ਹਨ। ਪੰਡਿਤ ਨੂੰ ਤਾਂ ਇਸ ਲਈ ਸੰਬੋਧਨ ਕੀਤਾ ਗਿਆ ਹੈ ਕਿਉਂਕਿ ਅੱਖਰ-ਬੋਧ ਉਸੇ ਤੋਂ ਹੁੰਦਾ ਹੈ।[14]

ਡਾ. ਤਾਰਨ ਸਿੰਘ ਦਾ ਵੀ ਅਜਿਹਾ ਹੀ ਵਿਚਾਰ ਹੈ। ਉਹ ਲਿਖਦੇ ਹਨ ਕਿ 1521 ਤੋਂ 1539 ਈ. ਦੇ ਸਮੇਂ ਦੌਰਾਨ ਗੁਰੂ ਨਾਨਕ ਸਾਹਿਬ ਕਰਤਾਰਪੁਰ ਵਿਚ ਰਹੇ। ਪ੍ਰਤੀਤ ਹੁੰਦਾ ਹੈ ਕਿ 'ਪੱਟੀ' ਸਮੇਤ ਆਪ ਦੀਆਂ ਸਾਰੀਆਂ ਲੰਮੀਆਂ ਬਾਣੀਆਂ ਇਸ ਕਾਲ ਵਿਚ ਹੀ ਰਚੀਆਂ ਗਈਆਂ ਹਨ। ਕਿਉਂਕਿ ਲੰਮੀਆਂ ਬਾਣੀਆਂ ਦੀ ਰਚਨਾ ਲਈ ਟਿਕਾਅ ਦੀ ਲੋੜ ਸੀ। ਸਫਰ ਵਿਚ ਲੰਮੀ ਰਚਨਾ ਕਰਨਾ ਸੰਭਵ ਨਹੀਂ ਹੈ। ਇਨ੍ਹਾਂ ਰਚਨਾਵਾਂ ਵਿਚ ਵਿਸ਼ਾਲ ਗਿਆਨ, ਡੂੰਘੀ ਨੀਝ ਅਤੇ ਲੰਮੇ ਤਜਰਬੇ ਦੀ ਗਵਾਹੀ ਮਿਲਦੀ ਹੈ। ਇਨ੍ਹਾਂ 'ਤੇ ਬਜੁਰਗੀ ਦੀ ਛਾਪ ਹੈ। ਇਨ੍ਹਾਂ ਵਿਚ ਸਾਂਝੀਵਾਲਤਾ ਦਾ ਸੁਨੇਹਾ ਹੈ। ਦਾਰਸ਼ਨਕ ਪਖ ਤੋਂ ਇਹ ਅਹਿਮ ਹਨ।[15]

ਇਸ ਬਾਣੀ ਦੇ ਉਚਾਰੇ ਜਾਣ ਦੇ ਪ੍ਰਸੰਗ ਵਿਚ ਵਖ-ਵਖ ਵਿਦਵਾਨਾਂ ਵੱਲੋਂ ਦਿੱਤੀਆਂ ਦਲੀਲਾਂ ਦੇ ਅਧਾਰ 'ਤੇ ਇਹ ਸੰਭਾਵਨਾ ਜਾਪਦੀ ਹੈ ਕਿ ਇਸ ਬਾਣੀ ਦਾ ਉਚਾਰਣ ਗੁਰੂ ਨਾਨਕ ਸਾਹਿਬ ਨੇ ਆਪਣੀ ਵਡੇਰੀ ਉਮਰ ਵਿਚ ਕਰਤਾਰਪੁਰ ਰਹਿੰਦਿਆਂ ਕੀਤਾ। ਪਰ ਦੂਜੇ ਪਾਸੇ ਜਨਮਸਾਖੀ ਸਾਹਿਤ ਦੀ ਉਥਾਨਕਾ ਨੂੰ ਵੀ ਸੰਪੂਰਨ ਰੂਪ ਵਿਚ ਰੱਦ ਨਹੀਂ ਕੀਤਾ ਜਾ ਸਕਦਾ। ਸਿਖ ਜਗਤ ਵਿਚ ਗੁਰੂ ਨਾਨਕ ਸਾਹਿਬ ਦੀ ਹਸਤੀ ਕੇਵਲ ਸ਼ਾਇਰ ਜਾਂ ਵਿਦਵਾਨ ਵਾਲੀ ਨਹੀਂ। ਉਹ ਗੁਰੂ ਹਨ ਅਤੇ ਗੁਰੂ ਜਾਹਰਾ ਰੂਪ ਵਿਚ ਕਰਨ-ਕਾਰਣ ਸਮਰੱਥ ਪਰਮਾਤਮਾ ਦਾ ਹੀ ਰੂਪ ਹੁੰਦਾ ਹੈ। ਇਸ ਲਈ ਇਸ ਬਾਣੀ ਦਾ ਪ੍ਰਕਾਸ਼ ਗੁਰੂ ਸਾਹਿਬ ਨੂੰ ਬਚਪਨ ਵਿਚ ਹੀ ਹੋਇਆ ਹੋਵੇ, ਇਹ ਕੋਈ ਵੱਡੀ ਗੱਲ ਨਹੀਂ। ਸੋ, ਇਸ ਬਾਣੀ ਦੇ ਉਚਾਰਣ-ਸਮੇਂ ਸਬੰਧੀ ਨਿਸ਼ਚਿਤ ਰੂਪ ਵਿਚ ਕੁਝ ਕਹਿਣਾ ਮੁਸ਼ਕਲ ਹੈ।

## ਹਵਾਲੇ


1. ਡਾ. ਗੁਰਦੇਵ ਸਿੰਘ ਸਿੱਧੂ, **ਪੈਂਤੀ-ਅਖਰੀ ਕਾਵਿ**, ਪੰਨਾ vii.
2. ਪਿਆਰਾ ਸਿੰਘ ਪਦਮ, **ਕਲਮ ਦੇ ਚਮਤਕਾਰ**, ਪੰਨਾ 55.
3. ਗਉੜੀ ਬਾਵਨ ਅਖਰੀ ਮਹਲਾ 5 (ਪੰਨਾ 250-262) ਅਤੇ ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ (ਪੰਨਾ 340-343); ਰਾਗੁ ਆਸਾ ਮਹਲਾ ੧ ਪਟੀ ਲਿਖੀ (ਪੰਨਾ 432-434); ਰਾਗੁ ਆਸਾ ਮਹਲਾ 3 ਪਟੀ (434-435); ਰਾਮਕਲੀ ਮਹਲਾ ੧ ਦਖਣੀ ਓਅੰਕਾਰੁ (ਪੰਨਾ 929-938)।
4. **ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ॥** (ਗੁਰੂ ਗ੍ਰੰਥ ਸਾਹਿਬ 966)।
5. ਡਾ. ਗੁਰਦੇਵ ਸਿੰਘ ਸਿੱਧੂ, **ਪੈਂਤੀ-ਅਖਰੀ ਕਾਵਿ**, ਪੰਨਾ vii.
6. ਡਾ. ਰਤਨ ਸਿੰਘ ਜੱਗੀ, **ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ**, ਭਾਗ ਦੂਜਾ (ਪੂਰਵ ਮੱਧਕਾਲ), ਪੰਨਾ 27.
7. ਡਾ. ਬਲਜਿੰਦਰ ਸਿੰਘ, **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਲਿਪੀ-ਆਧਾਰਿਤ ਬਾਣੀਆਂ: ਮੁਢਲੀ ਜਾਣਕਾਰੀ**, **ਗੁਰਮੁਖੀ: ਵਿਰਸਾ ਅਤੇ ਵਰਤਮਾਨ**, ਰਮਨਦੀਪ ਕੌਰ (ਸੰਪਾ.), ਪੰਨਾ 142.
8. ਡਾ. ਗੋਬਿੰਦ ਨਾਥ ਰਾਜਗੁਰੂ, **ਸੰਸਕ੍ਰਿਤ ਪ੍ਰਵੇਸ਼ਿਕਾ**, ਪੰਨਾ 7 (ਹਿੰਦੀ ਤੋਂ ਅਨੁਵਾਦ)।
9. ਹਿੰਦੂ ਮਾਨਤਾਵਾਂ ਅਨੁਸਾਰ ਵਿਆਹ ਆਦਿ ਕਰਨ ਵਾਲਾ, ਬੱਚਿਆਂ ਨੂੰ ਪੜ੍ਹਾਉਣ ਵਾਲਾ, ਜੋਤਸ਼ੀ, ਪੰਡਿਤ ਆਦਿ। ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਇਸ ਪਾਂਧੇ ਦਾ ਨਾਮ ਬ੍ਰਿਜ ਨਾਥ (ਡਾ. ਕਿਰਪਾਲ ਸਿੰਘ, ਜਨਮ ਸਾਖੀ ਪਰੰਪਰਾ: ਇਤਿਹਾਸਕ ਦ੍ਰਿਸ਼ਟੀਕੋਣ ਤੋਂ, ਪੰਨਾ 3) ਅਤੇ ਡਾ. ਤ੍ਰਿਲੋਚਨ ਸਿੰਘ ਨੇ (ਜੀਵਨ ਚਰਿੱਤ੍ਰ ਗੁਰੂ ਨਾਨਕ ਦੇਵ, ਪੰਨਾ 9) ਗੋਪਾਲ ਲਿਖਿਆ ਹੈ।
10. **ਪੁਰਾਤਨ ਜਨਮਸਾਖੀ**, **ਮਿਹਰਬਾਨ ਵਾਲੀ ਜਨਮਸਾਖੀ ਅਤੇ ਭਾਈ ਬਾਲੇ ਵਾਲੀ ਜਨਮਸਾਖੀ** ਵਿਚ ਗੁਰੂ ਸਾਹਿਬ ਦੀ




ISSN : 2395-1273

ਪੜ੍ਹਾਈ ਦੀ ਸ਼ੁਰੂਆਤ ਸੱਤ ਸਾਲ ਦੀ ਉਮਰ ਵਿਚ ਲਿਖੀ ਹੈ। ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਇਹ ਉਮਰ ਪੰਜ ਸਾਲ ਲਿਖੀ ਹੈ। ਡਾ. ਕਿਰਪਾਲ ਸਿੰਘ ਨੇ ਸੱਤ ਸਾਲ ਨੂੰ ਵਧੇਰੇ ਠੀਕ ਮੰਨਿਆ ਹੈ। -ਡਾ. ਕਿਰਪਾਲ ਸਿੰਘ, ਜਨਮ ਸਾਖੀ ਪਰੰਪਰਾ: ਇਤਿਹਾਸਕ ਦ੍ਰਿਸ਼ਟੀਕੋਣ ਤੋਂ, ਪੰਨਾ 3.

11. ਪੰਜਾਬ ਦੇ ਪਹਾੜੀ ਇਲਾਕਿਆਂ ਵਿਚ ਸ਼ਾਰਦਾ ਲਿਪੀ ਅਤੇ ਮੈਦਾਨੀ ਇਲਾਕਿਆਂ ਵਿਚ ਲੰਡੇ (ਇਕ ਮਹਾਜਨੀ ਲਿਪੀ) ਪ੍ਰਚਲਤ ਸੀ। ਪੁਰਾਤਨ ਜਨਮਸਾਖੀ ਅਤੇ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਫੱਟੀ ਉੱਤੇ ਲਿਖੇ ਜਾਣ ਵਾਲੇ ਅੱਖਰਾਂ ਬਾਰੇ ਕੁਝ ਨਹੀਂ ਲਿਖਿਆ ਗਿਆ। ਮਿਹਰਵਾਨ ਵਾਲੀ ਜਨਮਸਾਖੀ ਵਿਚ 'ਸਿਧੋਙਾਇਆ' ਅਤੇ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਬੈਰਾਖੜੀ (ਬਾਰਾਂ ਅੱਖਰਾਂ ਦੀ ਸਵਰ ਅਤੇ ਵਿਅੰਜਨ ਨਾਲ ਮੁਹਾਰਨੀ) ਲਿਖੇ ਜਾਣ ਦਾ ਜਿਕਰ ਹੈ। - ਡਾ. ਕਿਰਪਾਲ ਸਿੰਘ, **ਜਨਮ ਸਾਖੀ ਪਰੰਪਰਾ: ਇਤਿਹਾਸਕ ਦ੍ਰਿਸ਼ਟੀਕੋਣ ਤੋਂ**, ਪੰਨਾ 3.
12. ਭਾਈ ਵੀਰ ਸਿੰਘ (ਸੰਪਾ.), **ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ**, ਪੰਨਾ 18.
13. ਡਾ. ਕਿਰਪਾਲ ਸਿੰਘ, **ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ**, ਪੰਨਾ 3.
14. ਡਾ. ਰਤਨ ਸਿੰਘ ਜੱਗੀ, **ਪੰਜਾਬੀ ਸਾਹਿਤ ਦਾ ਸਰੋਤ-ਮੂਲਕ ਇਤਿਹਾਸ, ਭਾਗ ਦੂਜਾ (ਪੂਰਵ ਮੱਧਕਾਲ)** ਪੰਨਾ 27-28.
15. ਡਾ. ਤਾਰਨ ਸਿੰਘ, **ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ**, ਪੰਨਾ 245-246.

✧